# JAGAT GURU NANAK DEV
# PUNJAB STATE OPEN UNIVERSITY PATIALA

(Established by Act No.19 of 2019 of Legislature of the State of Punjab)

PSOU/PRO/2023/50

20 October 2023

## JGND Punjab State Open University organises Eye-Camp

Jagat Guru Nanak Dev Punjab State Open University (JGND PSOU), Patiala in collaboration with Rotary Club Patiala and Vision Spring organised an eye camp in its administrative block on 20 October 2023. Dr Renu, Ms Ambika Yadav, Counsellor, Mr Ajay Chaudhary, Coordinator; Prof. Manjit Singh, Registrar, JGND PSOU; Prof Gurdip Singh Batra, Dean, faculty and staff members of the university were present during the eye-camp. Vision Spring in association with Rotary conducted eye-screening and provided free spectacles to the needy. The team aims to reach out maximum beneficiaries. An approximate of 200 people will be benefitted from the camp organised at JGND PSOU.

Prof. Karamjeet Singh, Vice-Chancellor, eulogised the commitment and dedication of the team that reaches out to every section of society for vision care. Prof. Manjit Singh said, "This eye camp is an endeavour to raise awareness about eye-care. By providing free services to those who require special aid, Jagat Guru Nanak Dev Punjab State Open University is making a significant contribution to the society."

NM 20/10/23

**Director**
**Public Relations**
**JGND PSOU, Patiala**

**JAGAT GURU NANAK DEV**
**PUNJAB STATE OPEN UNIVERSITY PATIALA**
**(Established by Act No.19 of 2019 of Legislature of the State of Punjab)**

---

**PSOU/PRO/2023/50** **20 October 2023**

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ , ਪਟਿਆਲਾ ਵਿਖੇ ਅੱਖਾਂ ਦੀ ਜਾਂਚ ਲਈ ਕੈਂਪ ਆਯੋਜਿਤ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ,ਪਟਿਆਲਾ ਦੇ ਵਾਈਸ ਚਾਂਸਲਰ ਡਾ.ਕਰਮਜੀਤ ਸਿੰਘ ਜੀ ਦੀ ਯੋਗ ਅਗਵਾਈ ਹੇਠ ਯੂਨੀਵਰਸਿਟੀ ਵਿਖੇ ਅੱਖਾਂ ਦੀ ਜਾਂਚ ਲਈ ਕੈਂਪ ਲਗਾਇਆ ਗਿਆ।ਇਹ ਕੈਂਪ ਰੋਟਰੀ ਕਲੱਬ ਪਟਿਆਲਾ ਦੇ ਸਹਿਯੋਗ ਨਾਲ ਵਿਜ਼ਨਸਪ੍ਰਿੰਗ ਫਾਊਂਡੇਸ਼ਨ ਦੇ ਦੁਆਰਾ ਲਗਾਇਆ ਗਿਆ।

ਇੱਥੇ ਇਹ ਦੱਸਣਯੋਗ ਹੈ ਕਿ ਵਿਜ਼ਨਸਪ੍ਰਿੰਗ ਫਾਊਂਡੇਸ਼ਨ ਇੱਕ ਐਨ.ਜੀ.ਓ ਹੈ, ਜੋ ਗਰੀਬ ਲੋਕਾਂ ਲਈ ਅੱਖਾਂ ਦੀ ਜਾਂਚ ਕਰਦੀ ਹੈ, ਅੱਖਾਂ ਦੀ ਮੁੱਢਲੀ ਦੇਖਭਾਲ ਸੇਵਾਵਾਂ ਪ੍ਰਦਾਨ ਕਰਦੀ ਹੈ, ਅਤੇ ਅੱਖਾਂ ਦੀ ਸਿਹਤ ਸੰਬੰਧੀ ਸਲਾਹ ਮੁਫਤ ਦਿੰਦੀ ਹੈ।ਐਨ.ਜੀ.ਓ ਉਨ੍ਹਾਂ ਲੋਕਾਂ ਨੂੰ ਐਨਕਾਂ ਵੀ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੁੰਦੀ ਹੈ। ਐਨ.ਜੀ.ਓ ਪੂਰੇ ਭਾਰਤ ਵਿੱਚ ਕਮਿਊਨਿਟੀ ਆਊਟਰੀਚ ਗਤੀਵਿਧੀਆਂ ਅਤੇ ਮੁਫ਼ਤ ਅੱਖਾਂ ਦੀ ਜਾਂਚ ਕੈਂਪ ਲਗਾਉਂਦੇ ਹਨ।ਮੋਬਾਇਲ ਆਈ-ਕੇਅਰ ਯੂਨਿਟ (ਵੈਨ) ਦੂਰ-ਦੁਰਾਡੇ ਦੇ ਅੰਦਰੂਨੀ ਹਿੱਸਿਆਂ 'ਤੇ ਜਾਂਦੇ ਹਨ ਅਤੇ ਗਰੀਬਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ।ਇਹ ਵੈਨਾਂ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹਨ।

ਐਨ.ਜੀ.ਓ ਰੋਟਰੀ ਕਲੱਬ ਪਟਿਆਲਾ ਦੇ ਸਹਿਯੋਗ ਨਾਲ 18 ਅਗਸਤ 2023 ਤੋਂ ਪਟਿਆਲਾ ਦੇ ਲੋਕਾਂ ਨੂੰ ਆਪਣੀ ਸੇਵਾ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਦਾ 10000 ਲੋਕਾਂ ਨੂੰ ਕਵਰ ਕਰਨ ਦਾ ਟੀਚਾ ਹੈ ਅਤੇ ਅੱਜ ਉਹ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਅੱਖਾਂ ਦਾ ਕੈਂਪ ਲਗਾ ਕੇ 6000 ਲੋਕਾਂ ਦੀ ਗਿਣਤੀ ਨੂੰ ਪਾਰ ਕਰਨ ਜਾ ਰਹੇ ਹਨ।ਇਸ ਕੈਂਪ ਵਿੱਚ ਟੀਮ ਦੇ ਮੈਂਬਰ ਡਾ. ਰੇਨੂੰ, ਸ੍ਰੀਮਤੀ ਅੰਬਿਕਾ ਯਾਦਵ (ਸਲਾਹਕਾਰ), ਅਜੈ ਚੌਧਰੀ (ਕੋਆਰਡੀਨੇਟਰ) ਸ਼ਾਮਿਲ ਸਨ।

ਪ੍ਰੋ. ਮਨਜੀਤ ਸਿੰਘ, ਰਜਿਸਟਰਾਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ , ਪਟਿਆਲਾ ਨੇ ਕਿਹਾ, "ਇਹ ਅੱਖਾਂ ਦਾ ਕੈਂਪ ਅੱਖਾਂ ਦੀ ਦੇਖਭਾਲ ਬਾਰੇ ਸਮਾਜ ਅੰਦਰ ਜਾਗਰੂਕਤਾ ਪੈਦਾ ਕਰਨ ਦਾ ਇੱਕ ਉਪਰਾਲਾ ਹੈ। ਇਸ ਕੈਂਪ ਰਾਹੀਂ ਵਿਸ਼ੇਸ਼ ਸਹਾਇਤਾ ਦੀ ਲੋੜ ਵਾਲੇ ਲੋਕਾਂ ਨੂੰ ਮੁਫ਼ਤ ਸੇਵਾਵਾਂ ਪ੍ਰਦਾਨ ਕਰਕੇ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਸਮਾਜ ਸੇਵਾ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।ਇਸ ਕੈਂਪ ਲਈ ਉਹਨਾਂ ਨੇ ਪੂਰੀ ਟੀਮ ਦਾ ਧੰਨਵਾਦ ਕੀਤਾ।

NM 20/10/23

ਡਾਇਰੈਕਟਰ
ਲੋਕ ਸੰਪਰਕ ਸੈੱਲ
**JGND PSOU, Patiala**

OPPO F19 Pro+

[JGND PSOU, Patiala and Rotary Club Patiala Royale Illuminate Lives through Vision Spring Eye Camp - Royal Patiala]



# ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਵਿਖੇ ਲਾਇਆ ਅੱਖਾਂ ਦਾ ਜਾਂਚ ਕੈਂਪ

ਕੈਂਪ ਦੌਰਾਨ ਮਰੀਜ਼ਾਂ ਦਾ ਚੈੱਕਅਪ ਕਰਦੇ ਡਾਕਟਰ। (ਢੰਡਾ)

ਪਟਿਆਲਾ, 22 ਅਕਤੂਬਰ (ਰਾਜੇਸ਼ ਪੰਜੋਲਾ)- ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਵਾਇਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਯੂਨੀਵਰਸਿਟੀ ਵਿਖੇ ਅੱਖਾਂ ਦੀ ਜਾਂਚ ਲਈ ਕੈਂਪ ਲਗਾਇਆ ਗਿਆ। ਇਹ ਕੈਂਪ ਰੋਟਰੀ ਕਲੱਬ ਪਟਿਆਲਾ ਦੇ ਸਹਿਯੋਗ ਨਾਲ ਵਿਜ਼ਨਸਪ੍ਰਿੰਗ ਫਾਊਂਡੇਸ਼ਨ ਦੇ ਦੁਆਰਾ ਲਗਾਇਆ ਗਿਆ। ਵਿਜ਼ਨਸਪ੍ਰਿੰਗ ਫਾਊਂਡੇਸ਼ਨ ਐੱਨ. ਜੀ. ਓ. ਵੱਲੋਂ ਗਰੀਬ ਲੋਕਾਂ ਲਈ ਅੱਖਾਂ ਦੀ ਜਾਂਚ ਕੀਤੀ ਜਾਂਦੀ ਹੈ, ਅੱਖਾਂ ਦੀ ਮੁੱਢਲੀ ਦੇਖਭਾਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਅੱਖਾਂ ਦੀ ਸਿਹਤ ਸਬੰਧੀ ਸਲਾਹ ਮੁਫਤ ਦਿੰਦੀ ਹੈ। ਐੱਨ. ਜੀ. ਓ. ਉਨ੍ਹਾਂ ਲੋਕਾਂ ਨੂੰ ਐਨਕਾਂ ਵੀ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੁੰਦੀ ਹੈ। ਪੂਰੇ ਭਾਰਤ 'ਚ ਕਮਿਊਨਿਟੀ ਆਊਟਰੀਚ ਗਤੀਵਿਧੀਆਂ ਅਤੇ ਮੁਫਤ ਅੱਖਾਂ ਦੀ ਜਾਂਚ ਕੈਂਪ ਲਗਾਉਂਦੇ ਹਨ। ਮੋਬਾਈਲ ਆਈ ਕੇਅਰ ਯੂਨਿਟ (ਵੈਨ) ਦੂਰ-ਦੁਰਾਡੇ ਦੇ ਅੰਦਰੂਨੀ ਹਿੱਸਿਆਂ 'ਤੇ ਜਾਂਦੇ ਹਨ ਅਤੇ ਗਰੀਬਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਵੈਨਾਂ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹਨ।

ਐੱਨ. ਜੀ. ਓ. ਰੋਟਰੀ ਕਲੱਬ ਪਟਿਆਲਾ ਦੇ ਸਹਿਯੋਗ ਨਾਲ 18 ਅਗਸਤ 2023 ਤੋਂ ਪਟਿਆਲਾ ਦੇ ਲੋਕਾਂ ਨੂੰ ਆਪਣੀ ਸੇਵਾ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਦਾ 10000 ਲੋਕਾਂ ਨੂੰ ਕਵਰ ਕਰਨ ਦਾ ਟੀਚਾ ਹੈ। ਅੱਜ ਉਹ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵਿਖੇ ਅੱਖਾਂ ਦਾ ਕੈਂਪ ਲਗਾ ਕੇ 6000 ਲੋਕਾਂ ਦੀ ਗਿਣਤੀ ਨੂੰ ਪਾਰ ਕਰਨ ਜਾ ਰਹੇ ਹਨ। ਕੈਂਪ 'ਚ ਟੀਮ ਦੇ ਮੈਂਬਰ ਡਾ. ਰੇਨੂੰ, ਅੰਬਿਕਾ ਯਾਦਵ (ਸਲਾਹਕਾਰ) ਅਤੇ ਅਜੇ ਚੌਧਰੀ (ਕੋਆਰਡੀਨੇਟਰ) ਸ਼ਾਮਲ ਸਨ।

ਪ੍ਰੋ. ਮਨਜੀਤ ਸਿੰਘ, ਰਜਿਸਟਰਾਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨੇ ਕਿਹਾ ਕਿ ਇਹ ਅੱਖਾਂ ਦਾ ਕੈਂਪ ਅੱਖਾਂ ਦੀ ਦੇਖਭਾਲ ਬਾਰੇ ਸਮਾਜ ਅੰਦਰ ਜਾਗਰੂਕਤਾ ਪੈਦਾ ਕਰਨ ਦਾ ਇਕ ਉਪਰਾਲਾ ਹੈ। ਇਸ ਕੈਂਪ ਰਾਹੀਂ ਵਿਸ਼ੇਸ਼ ਸਹਾਇਤਾ ਦੀ ਲੋੜ ਵਾਲੇ ਲੋਕਾਂ ਨੂੰ ਮੁਫ਼ਤ ਸੇਵਾਵਾਂ ਪ੍ਰਦਾਨ ਕਰ ਕੇ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਸਮਾਜ-ਸੇਵਾ 'ਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।

[(1) Facebook]




PUNJAB STATE OPEN UNIVERSITY
PATIALA
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ


PUNJAB STATE OPEN UNIVERSITY
PATIALA
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ